# ਦੂਸਰੀਆਂ ਦਵਾਈਆਂ ਦੇ ਨਾਲ ਗਰਭ ਨਿਰੋਧ ਦੇ ਹਾਰਮੋਨ ਅਧਾਰਤ ਤਰੀਕਿਆਂ ਦੀ ਵਰਤੋਂ

# Using Hormonal Methods of Birth Control With Other Medications

## ਹਾਰਮੋਨ ਅਧਾਰਤ ਗਰਭ ਨਿਰੋਧ ਕੀ ਹੈ?

ਹਾਰਮੋਨ ਅਧਾਰਤ ਗਰਭ ਨਿਰੋਧ ਦੇ ਤਰੀਕਿਆਂ ਵਿੱਚ ਸ਼ਾਮਲ ਹਨ:

- ਦ ਪੈਚ (ਐਵਰਾ®) (Evra®)
- ਟੀਕਿਆਂ ਰਾਹੀਂ ਦਿੱਤਾ ਜਾ ਸਕਣ ਵਾਲਾ ਗਰਭ ਨਿਰੋਧਕ (ਡੇਪੋ-ਪ੍ਰੋਵੇਰਾ®) (Depo-Provera®)
- ਹਾਰਮੋਨ ਅਧਾਰਤ ਇੰਟਰਾ-ਯੂਟਰੀਨ ਪ੍ਰਣਾਲੀ (ਆਈਯੂਐਸ) (IUS) ਜਿਵੇਂ ਕਿ ਮਿਰੇਨਾ® (Mirena®), ਜੇਡੇਸ® (Jadess®) ਅਤੇ ਕਾਏਲੀਨਾ™ (Kyleena™)
- ਯੋਨੀ ਵਾਲਾ ਰਿੰਗ (ਨੁਵਾ ਰਿੰਗ™) (NuvaRing™)
- ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਗਰਭ ਨਿਰੋਧਕ ਗੋਲੀਆਂ (ਦ ਪਿਲ)

ਹਾਰਮੋਨ ਅਧਾਰਤ ਗਰਭ ਨਿਰੋਧ ਦੇ ਤਰੀਕੇ ਔਰਤ ਦੇ ਸਰੀਰ ਦੁਆਰਾ ਬਣਾਏ ਜਾਣ ਵਾਲੇ ਏਸਟ੍ਰੋਜਨ (estrogen) ਅਤੇ ਪ੍ਰੋਜੈਸਟਿਨ (progestin) ਦੇ ਨਾਲ ਮਿਲਦੇ ਜੁਲਦੇ 1 ਜਾਂ 2 ਹਾਰਮੋਨ ਵਰਤ ਕੇ ਗਰਭ ਨੂੰ ਰੋਕਦੇ ਹਨ।

## ਹਾਰਮੋਨ ਅਧਾਰਤ ਗਰਭ ਨਿਰੋਧ ਦੇ ਤਰੀਕੇ ਕਿਸ ਤਰ੍ਹਾਂ ਕੰਮ ਕਰਦੇ ਹਨ?

ਇੱਕ ਔਰਤ ਉਸ ਵੇਲੇ ਗਰਭਵਤੀ ਹੁੰਦੀ ਹੈ ਜਦੋਂ ਉਸ ਦਾ ਅੰਡਾ ਆਦਮੀ ਦੇ ਸ਼ੁਕਰਾਣੂ ਦੁਆਰਾ ਗਰਭਧਾਨ ਹੁੰਦਾ ਹੈ। ਗਰਭਧਾਨ ਕੀਤਾ ਗਿਆ ਅੰਡਾ ਬੱਚੇਦਾਨੀ ਦੀ ਅੰਦਰਲੀ ਪਰਤ ਦੇ ਨਾਲ ਚਿਪਕ ਜਾਂਦਾ ਹੈ ਜਿਥੇ ਉਹ ਵੱਧਦਾ ਹੈ ਅਤੇ ਭਰੂਣ ਵਿੱਚ ਵਿਕਸਤ ਹੁੰਦਾ ਹੈ।

ਇੱਕ ਔਰਤ ਦੇ ਹਾਰਮੋਨ ਉਸ ਦੇ ਅੰਡਿਆਂ ਦੇ ਛੱਡੇ ਜਾਣ ਨੂੰ ਨਿਯੰਤਰਿਤ ਕਰਦੇ ਹਨ ਅਤੇ ਉਸ ਦੇ ਸਰੀਰ ਨੂੰ ਭਰੂਣ ਦੇ ਵਾਧੇ ਨੂੰ ਸਹਾਰਾ ਦੇਣ ਲਈ ਤਿਆਰ ਕਰਦੇ ਹਨ।

ਹਾਰਮੋਨ ਅਧਾਰਤ ਗਰਭ ਨਿਰੋਧ ਦੇ ਤਰੀਕੇ ਹੇਠਾਂ ਦਿੱਤਿਆਂ ਵਿੱਚੋਂ ਇੱਕ ਜਾਂ ਉਸ ਤੋਂ ਵੱਧ ਕਰਕੇ ਗਰਭ ਨੂੰ ਰੋਕਦੇ ਹਨ:

- ਓਵਿਊਲੇਸ਼ਨ ਰੋਕ ਕੇ (ਯਾਨੀ ਕਿ ਤੁਹਾਡੇ ਅੰਡਕੋਸ਼ ਵਿੱਚੋਂ ਅੰਡਾ ਰੀਲੀਜ਼ ਨਹੀਂ ਕੀਤਾ ਜਾਂਦਾ)
- ਬੱਚੇਦਾਨੀ ਵਿਚਲੇ ਲੇਸਦਾਰ (mucous) ਪਦਾਰਥ ਨੂੰ ਮੋਟਾ ਕਰਕੇ ਜੋ ਸ਼ੁਕਰਾਣੂ ਨੂੰ ਬੱਚੇਦਾਨੀ ਵਿੱਚ ਦਾਖਲ ਹੋਣ ਨੂੰ ਮੁਸ਼ਕਲ ਬਣਾ ਦਿੰਦਾ ਹੈ
- ਬੱਚੇਦਾਨੀ ਦੀ ਅੰਦਰਲੀ ਪਰਤ ਨੂੰ ਪਤਲਾ ਕਰਕੇ, ਇਸ ਸੂਰਤ ਵਿੱਚ ਕਿ ਔਰਤ ਓਵਿਊਲੇਟ ਨਹੀਂ ਕਰਦੀ (ਯਾਨੀ ਕਿ ਪੈਕ ਦੇ ਅਖੀਰ ਵਲ ਗੋਲੀਆਂ ਲੈਣਾ ਭੁੱਲ ਗਈ ਸੀ), ਜੋ ਅੰਡੇ ਦੇ ਚਿਪਕਣ ਨੂੰ ਮੁਸ਼ਕਲ ਬਣਾ ਦਿੰਦਾ ਹੈ

## ਕੀ ਦੂਸਰੀਆਂ ਦਵਾਈਆਂ ਮੇਰੇ ਗਰਭ ਨਿਰੋਧ ਤੇ ਪ੍ਰਭਾਵ ਪਾ ਸਕਦੀਆਂ ਹਨ?

ਹਾਂ। ਕੁਝ ਦਵਾਈਆਂ ਤੁਹਾਡੇ ਗਰਭ ਨਿਰੋਧ ਦੇ ਠੀਕ ਤਰ੍ਹਾਂ ਕੰਮ ਨਾ ਕਰਨ ਜਾਂ ਬਿਲਕੁਲ ਹੀ ਕੰਮ ਨਾ ਕਰਨ ਦਾ ਕਾਰਨ ਬਣ ਸਕਦੀਆਂ ਹਨ।

ਤੁਹਾਡੇ ਗਰਭ ਨਿਰੋਧ ਤੇ ਪ੍ਰਭਾਵ ਨੂੰ ਘਟਾ ਸਕਣ ਵਾਲੀਆਂ ਦਵਾਈਆਂ ਵਿੱਚ ਸ਼ਾਮਲ ਹਨ, ਪਰ ਉਨ੍ਹਾਂ ਤੱਕ ਸੀਮਿਤ ਨਹੀਂ ਹਨ:

- ਐਂਟੀਬਾਈਓਟਿਕਸ ਜਿਵੇਂ ਕਿ ਰੀਫੈਮਪਿੰਨ (rifampin)
- ਝੰਜੋੜਾਂ ਵਿਰੋਧੀ (anticonvulsants) ਜਾਂ ਦੌਰਿਆਂ ਵਿਰੋਧੀ ਦਵਾਈਆਂ ਜਿਵੇਂ ਕਿ ਕਾਰਬਾਮਾਜ਼ੇਪੀਨ (carbamazepine) (ਟੈਗਰੇਟੋਲ® - Tegretol®), ਫੇਨੀਟੋਇੰਨ (phenytoin) (ਡਾਇਲੈਨਟਿੰਨ® - Dilantin®), ਔਮਕਾਰਬਾਜ਼ੇਪੀਨ (oxcarbazepine) (ਟ੍ਰਾਈਲੇਪਟਲ® - Trileptal®), ਪ੍ਰਾਈਮੀਡੋਨ

(primidone) ਜਾਂ ਟੌਪੀਰਾਮੇਟ (topiramate) (ਟੌਪਾਮੈਕਸ® - Topamax®)

- ਐਂਟੀ-ਫੰਗਲ (antifungal) ਦਵਾਈਆਂ ਜਿਵੇਂ ਕਿ ਗ੍ਰਿਜ਼ੀਓਫੁਲਵਿੰਨ (griseofulvin)
- ਐਂਟੀ-ਰੈਟਰੋਵਾਇਰਲ (anti-retrovirals) ਜਿਵੇਂ ਕਿ ਰਿਟੋਨਾਵਿਅਰ (ritonavir)
- ਜੜੀਆਂ ਬੂਟੀਆਂ ਨਾਲ ਬਣੀਆਂ ਦਵਾਈਆਂ ਜਿਵੇਂ ਕਿ ਸੇਂਟ ਜੋਨਜ਼ ਵੋਰਟ (St. John's wort)

ਆਪਣੇ ਸਿਹਤ ਸੰਭਾਲ ਪ੍ਰਦਾਤਾ ਅਤੇ ਫਾਰਮੇਸਿਸਟ ਨੂੰ ਤੁਹਾਡੇ ਦੁਆਰਾ ਲਈਆਂ ਜਾਣ ਵਾਲੀਆਂ ਕੋਈ ਵੀ ਦਵਾਈਆਂ, ਖੁਰਾਕ ਸੰਬੰਧੀ ਪੂਰਕਾਂ ਜਾਂ ਮਨੋਰੰਜਨ ਵਾਸਤੇ ਲਈਆਂ ਜਾਣ ਵਾਲੀਆਂ ਔਸ਼ਧੀਆਂ ਬਾਰੇ ਸੂਚਿਤ ਕਰਨਾ ਮਹੱਤਵਪੂਰਨ ਹੈ। ਉਹ ਤੁਹਾਡੇ ਨਾਲ ਦਵਾਈਆਂ ਸੰਬੰਧੀ ਵਿਕਲਪਾਂ ਬਾਰੇ ਚਰਚਾ ਕਰ ਸਕਦੇ ਹਨ ਜਿਹੜੇ ਤੁਹਾਡੇ ਗਰਭ ਨਿਰੋਧ ਤੇ ਅਸਰ ਨਹੀਂ ਪਾਉਣਗੇ।

## ਮੇਰਾ ਹਾਰਮੋਨ ਅਧਾਰਤ ਗਰਭ ਨਿਰੋਧ ਮੇਰੀਆਂ ਦੂਸਰੀਆਂ ਦਵਾਈਆਂ ਨੂੰ ਕਿਸ ਤਰ੍ਹਾਂ ਪ੍ਰਭਾਵਤ ਕਰਦਾ ਹੈ?

ਹਾਰਮੋਨ ਅਧਾਰਤ ਗਰਭ ਨਿਰੋਧ ਕਈ ਦਵਾਈਆਂ ਜਿਵੇਂ ਕਿ ਦੌਰਿਆਂ ਵਿਰੋਧੀ ਦਵਾਈਆਂ ਦੇ ਪ੍ਰਭਾਵ ਨੂੰ ਘਟਾ ਸਕਦਾ ਹੈ। ਕੁਝ ਕੇਸਾਂ ਵਿੱਚ, ਤੁਹਾਨੂੰ ਤੁਹਾਡੀ ਦਵਾਈ ਦੀ ਵੱਖਰੀ ਖੁਰਾਕ ਦੀ ਲੋੜ ਹੋ ਸਕਦੀ ਹੈ ਜਾਂ ਹਾਰਮੋਨ ਅਧਾਰਤ ਗਰਭ ਨਿਰੋਧ ਲੈਂਦੇ ਹੋਏ ਤੁਹਾਨੂੰ ਵੱਖਰੀ ਦਵਾਈ ਤੇ ਪਾਇਆ ਜਾ ਸਕਦਾ ਹੈ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ ਕਿ ਤੁਹਾਡਾ ਹਾਰਮੋਨ ਅਧਾਰਤ ਗਰਭ ਨਿਰੋਧ ਤੁਹਾਡੀਆਂ ਦਵਾਈਆਂ ਨੂੰ ਕਿਵੇਂ ਪ੍ਰਭਾਵਤ ਕਰ ਸਕਦਾ ਹੈ ਅਤੇ ਗਰਭ ਨਿਰੋਧ ਦੇ ਅਜਿਹੇ ਢੰਗਾਂ ਬਾਰੇ ਜਿਹੜੇ ਤੁਹਾਡੇ ਦੁਆਰਾ ਲਈਆਂ ਜਾ ਰਹੀਆਂ ਦਵਾਈਆਂ ਦੇ ਨਾਲ ਸਭ ਤੋਂ ਵਧੀਆ ਕੰਮ ਕਰਦੇ ਹਨ।

## ਮੈਂ ਦੂਸਰੀਆਂ ਦਵਾਈਆਂ ਦੇ ਨਾਲ ਹਾਰਮੋਨ ਅਧਾਰਤ ਗਰਭ ਨਿਰੋਧ ਵਰਤਦੇ ਹੋਏ ਗਰਭ ਨੂੰ ਕਿਸ ਤਰ੍ਹਾਂ ਰੋਕ ਸਕਦੀ ਹਾਂ?

ਜੇ ਤੁਸੀਂ ਅਜਿਹੀਆਂ ਦਵਾਈਆਂ ਲੈ ਰਹੇ ਹੋ ਜਿਹੜੀਆਂ ਤੁਹਾਡੇ ਗਰਭ ਨਿਰੋਧ ਤੇ ਅਸਰ ਪਾਉਂਦੀਆਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਆਪਣੇ ਗਰਭ ਨਿਰੋਧ ਸੰਬੰਧੀ ਵਿਕਲਪਾਂ ਬਾਰੇ ਗੱਲ ਕਰੋ। ਗਰਭ ਰੋਕਣ ਲਈ, ਤੁਹਾਨੂੰ ਤੁਹਾਡੇ ਹਾਰਮੋਨਲ ਗਰਭ ਨਿਰੋਧ ਦੇ ਨਾਲ ਇੱਕ ਬੈਕਅੱਪ ਢੰਗ, ਜਿਵੇਂ ਕਿ ਬੈਰੀਅਰ ਵਾਲਾ ਢੰਗ (barrier method) ਵਰਤਣ ਦੀ ਲੋੜ ਹੋ ਸਕਦੀ ਹੈ।

ਗਰਭ ਨਿਰੋਧ ਦੇ ਬੈਰੀਅਰ ਵਾਲੇ ਢੰਗਾਂ (barrier methods) ਵਿੱਚ ਸ਼ਾਮਲ ਹਨ:

- ਕੰਡੋਮ (Condoms)
- ਡਾਇਆਫਰਾਮ (diaphragms)
- ਸਰਵੀਕਲ ਕੈਪਾਂ (cervical caps)

ਇੰਨ੍ਹਾਂ ਢੰਗਾਂ ਤੇ ਦਵਾਈਆਂ ਦਾ ਪ੍ਰਭਾਵ ਨਹੀਂ ਹੁੰਦਾ। ਕੰਡੋਮ ਗਰਭ ਨਿਰੋਧ ਦਾ ਇਕੱਲਾ ਤਰੀਕਾ ਹੈ ਜਿਹੜਾ ਲਿੰਗੀ ਢੰਗ ਨਾਲ ਸੰਚਾਰਿਤ ਵਿਗਾੜਾਂ (ਐਸਟੀਆਈਆਂ) ਵਿਰੁੱਧ ਤੁਹਾਡੀ ਰੱਖਿਆ ਕਰਦਾ ਹੈ।

ਦੌਰਿਆਂ ਵਿਰੋਧੀ ਕਈ ਦਵਾਈਆਂ ਅਤੇ ਦੂਸਰੀਆਂ ਔਸ਼ਧੀਆਂ ਜਿਵੇਂ ਕਿ ਆਈਸੋਟ੍ਰੇਟੀਨੋਇੰਨ (isotretinoin) (ਫਿਣਸੀਆਂ (acne) ਲਈ ਐਕਿਊਟੇਨ® (Accutane®) ਜਨਮ ਸਮੇਂ ਹੋਣ ਵਾਲੇ ਨੁਕਸਾਂ ਦੇ ਜੋਖਮ ਨੂੰ ਸਾਰਥਿਕ ਤੌਰ 'ਤੇ ਵਧਾ ਦਿੰਦੀਆਂ ਹਨ। ਗਰਭ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਗਰਭ ਨਿਰੋਧ ਵਰਤਣਾ ਅਤੇ ਕਿਸੀ ਵੀ ਗਰਭ ਦੀ ਯੋਜਨਾ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀ ਸਲਾਹ ਦੇ ਨਾਲ ਸਾਵਧਾਨੀ ਨਾਲ ਬਣਾਉਣਾ ਮਹੱਤਵਪੂਰਨ ਹੈ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੇ ਗਰਭ ਨਿਰੋਧਕ ਤੇ ਪ੍ਰਭਾਵ ਪਾਉਣ ਵਾਲੀ ਦਵਾਈ ਲੈਣਾ ਬੰਦ ਕਰ ਦੇਣ ਤੋਂ ਬਾਅਦ ਵੀ ਤੁਹਾਨੂੰ ਗਰਭ ਨਿਰੋਧ ਦਾ ਅਤਿਰਿਕਤ ਢੰਗ ਕਿੰਨੇ ਸਮੇਂ ਤੱਕ ਵਰਤਦੇ ਰਹਿਣਾ ਚਾਹੀਦਾ ਹੈ।

## ਹੋਰ ਜਾਣਕਾਰੀ ਲਈ

ਗਰਭ ਨਿਰੋਧ ਦੇ ਵਿਕਲਪਾਂ ਅਤੇ ਦਵਾਈਆਂ ਜਾਂ ਜੜੀਆਂ ਬੂਟੀਆਂ ਨਾਲ ਬਣੇ ਪੂਰਕ ਲੈਂਦੇ ਹੋਏ ਗਰਭ ਰੋਕਣ ਬਾਰੇ ਹੋਰ ਜਾਣਕਾਰੀ ਲਈ, ਆਪਣੇ ਸਿਹਤ ਸੰਭਾਲ ਪ੍ਰਦਾਤਾ, ਫਾਰਮੇਸਿਸਟ, ਜਾਂ ਪਬਲਿਕ ਹੈਲਥ ਨਰਸ ਦੇ ਨਾਲ ਗੱਲ ਕਰੋ।

ਲਿੰਗੀ ਢੰਗ ਨਾਲ ਸੰਚਾਰਿਤ ਵਿਗਾੜਾਂ ਬਾਰੇ ਹੋਰ ਜਾਣਕਾਰੀ ਲਈ, HealthLinkBC File #08o ਸੰਭੋਗ ਦੁਆਰਾ ਸੰਚਾਰਿਤ ਵਿਗਾੜਾਂ (ਐਸਟੀਆਈ(ਜ਼)) ਦੀ ਰੋਕਥਾਮ ਦੇਖੋ।